# ਸ਼੍ਰੇਣੀ - ਦਸਵੀਂ

# ਸਾਲ 2024-25

# Music- Vocal (ਸੰਗੀਤ-ਗਾਇਨ)

# ਪਾਠਕ੍ਰਮ (ਲਿਖਤੀ)

## ਭਾਗ - ੳ

**ਹੇਠ ਲਿਖਿਆਂ ਦੀਆਂ ਪਰਿਭਾਸ਼ਾਵਾਂ**

1. ਸਪਤਕ, ਚਲਸ੍ਵਰ, ਅਚਲ ਸ੍ਵਰ, ਅਲੰਕਾਰ, ਸ਼ਰੁਤੀ, ਠਾਅ, ਦੁਗਣ, ਵਕਰ ਸ੍ਵਰ, ਝਾਲਾ ਸਥਾਈ ਅੰਤਰਾ
2. ਥਾਟ ਦੇ ਨਿਯਮ ਅਤੇ ਭਾਤਖੰਡੇ ਜੀ ਦੇ ਦਸ ਥਾਟ
3. ਖਿਆਲ, ਛੋਟਾ ਖਿਆਲ, ਵੱਡਾ ਖਿਆਲ
4. ਸੰਗੀਤ ਦਾ ਸਾਜ਼ ਤਾਨਪੁਰਾ, ਇਤਿਹਾਸ ਅਤੇ ਅੰਗ ਵਰਣਨ
5. ਪੰਡਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੀ ਸੁਰਲਿਪੀ ਅਤੇ ਤਾਲ ਲਿਪੀ ਦੀ ਵਰਣਨ
6. ਗੀਤ ਦੀਆਂ ਕਿਸਮਾਂ ਭਜਨ, ਸ਼ਬਦ ਅਤੇ ਲੋਕ ਗੀਤ
7. ਗਾਇਨ ਦੇ ਗੁਣ ਤੇ ਦੋਸ਼
8. ਥਾਟ ਅਤੇ ਰਾਗ ਤੇ ਨਿਯਮਾਂ ਦੀ ਆਪਸੀ ਤੁਲਨਾ
9. ਪੰਜਾਬ ਦੇ ਲੋਕ ਸਾਜ ਢੋਲ, ਢੋਲਕੀ, ਚਿਮਟਾ, ਅਲਗੋਜ਼ਾ, ਢੱਡ, ਸਾਰੰਗੀ, ਬਾਂਸੂਰੀ, ਕਾਟੋ, ਸੱਪ, ਘੜਾ, ਤੁੰਬੀ, ਨਗਾੜਾ, ਖੜਤਾਲ, ਡਫ਼ਲੀ
10. ਜੀਵਨੀ - ਤਾਨਸੇਨ

## ਭਾਗ - ਅ

1. ਪਾਠਕ੍ਰਮ ਦੇ ਰਾਗਾਂ ਭੁਪਾਲੀ, ਖਮਾਜ ਅਤੇ ਭੈਰਵ ਦੀ ਜਾਣ ਪਛਾਣ ਦੇ ਆਰੋਹ, ਅਵਰੋਹ ਪਕੜ, ਰਜਾਖਾਨੀ ਜਾਂ ਮਸੀਤਖਾਨੀ ਗਤ ਦੀ ਸੁਰਲਿਪੀ ।
2. ਪਾਠਕ੍ਰਮ ਦੀਆਂ ਤਾਲਾਂ ਇੱਕ ਤਾਲ, ਰੂਪਕ, ਚੋਤਾਲ ਦੀ ਜਾਣ-ਪਛਾਣ ਅਤੇ ਸੁਰ ਲਿਪੀ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (ਪ੍ਰਯੋਗੀ) ।

   ਨੋਟ:-ਪ੍ਰਯੋਗੀ ਪ੍ਰੀਖਿਆ ਦੀ ਇੱਕ ਟੋਲੀ ਵਿੱਚ 9 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ । ਪ੍ਰਸ਼ਨ-ਪੱਤਰ ਮੌਕੇ ਤੇ ਤਿਆਰ ਕੀਤਾ ਜਾਵੇਗਾ । ਪ੍ਰਯੋਗੀ ਪ੍ਰੀਖਿਆ ਦਾ ਪ੍ਰਸ਼ਨ-ਪੱਤਰ ਤਿਆਰ ਕਰਨ ਸਮੇਂ ਲਿਖਤੀ ਪੇਪਰ ਤੇ ਪਾਠਕ੍ਰਮ ਦਾ ਧਿਆਨ ਰੱਖਣ ਦੇ ਨਾਲ਼ ਨਾਲ਼ ਹੇਠ ਲਿਖੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ ।

1. ਪਾਠਕ੍ਰਮ ਦੇ ਰਾਗਾਂ ਵਿੱਚੋਂ ਵਿਦਿਆਰਥੀ ਦੇ ਚੋਣ ਵਾਲੇ ਕਿਸੇ ਇੱਕ ਰਾਗ ਵਿੱਚ ਵੱਡਾ ਖਿਆਨ ਜਾਂ ਛੋਟੇ ਖਿਆਨ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।
2. ਪਾਠਕ੍ਰਮ ਦੇ ਰਾਗਾਂ ਵਿੱਚੋਂ ਪ੍ਰੀਖਿਅਕ ਦੀ ਚੋਣ ਵਾਲੇ ਕਿਸੇ ਇੱਕ ਵਿੱਚ ਵੱਡਾ ਖਿਆਨ ਜਾਂ ਛੋਟੇ ਖਿਆਨ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।
3. ਪਾਠਕ੍ਰਮ ਦੀਆਂ ਤਾਲਾਂ ਵਿੱਚੋਂ ਕਿਸੇ ਇੱਕ ਤਾਲ ਦੇ ਬੋਲਾਂ ਨੂੰ ਹੱਥ ਨਾਲ ਤਾਲੀ ਦੇ ਕੇ ਉਚਾਰਣ ਕਰਨ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।
4. ਦਿੱਤੀਆਂ ਸੁਰਸੰਗਤੀਆਂ ਤੋਂ ਪਾਠਕ੍ਰਮ ਦੇ ਰਾਗਾਂ ਦੀ ਜਾਣ ਪਛਾਣ ਕਰਨੀ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।
5. ਉਪਰੋਕਤ ਰਾਗਾਂ ਵਿੱਚੋਂ ਕਿਸੇ ਇੱਕ ਰਾਗ ਵਿੱਚ ਭਜਨ, ਸ਼ਬਦ, ਲੋਕ ਗੀਤ ਦਾ ਗਾਇਨ ਕਰਨਾ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।

**ਕਿਰਿਆਤਮਕ (ਪਾਠਕ੍ਰਮ)**

1. ਪਾਠਕ੍ਰਮ ਦੇ ਰਾਗਾਂ ਭੁਪਾਲੀ, ਖਮਾਜ ਅਤੇ ਭੈਰਵ ਰਜਾਖਾਨੀ ਜਾਂ ਮਸੀਤਖਾਨੀ ਗਤ ਆਰੋਹ ਅਵਰੋਹ ਪਕੜ, ਅਲਾਪ ਤੇ ਦੋ ਤਾਨਾਂ ਸਹਿਤ ।
2. ਪਾਠਕ੍ਰਮ ਦੀਆਂ ਤਾਲਾਂ ਇੱਕ ਤਾਲ, ਰੂਪਕ ਚੌਤਾਲ ਨੂੰ ਠਾਹ, ਦੁਗਣ ਲੋਅ ਵਿੱਚ ਹੱਥ ਨਾਲ ਤਾਲੀ ਦੇ ਕੇ ਉਚਾਰਣ ਕਰਨਾ ।
3. ਕਿਸੇ ਵੀ ਰਾਗ ਵਿੱਚ ਲੋਕ ਗੀਤ / ਦੇਸ਼ ਭਗਤੀ ਦੇ ਗੀਤ ਦਾ ਗਾਇਨ ਹਰਮੋਨੀਯਮ ਤੇ ਕਰਨਾ
4. ਰਾਸ਼ਟਰੀ ਗਾਨ/ ਰਾਸ਼ਟਰੀ ਗੀਤ ਦਾ ਹਰਮੋਨੀਯਮ ਤੇ ਵਜਾ ਕੇ ਗਾਇਨ ਕਰਨਾ (ਜਨ ਗਣ ਮਅ) (ਬੰਦੇ ਮਾਤਰਮ)

**ਪਾਠ-ਪੁਸਤਕਾਂ**

1. ਗਾਇਨ (ਪੰਜਾਬੀ) ਮੈਟ੍ਰਿਕ ਸ਼੍ਰੇਣੀ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ
2. ਗਾਇਨ (ਹਿੰਦੀ) ਮੈਟ੍ਰਿਕ ਸ਼੍ਰੇਣੀ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ